# ਬੱਚੇ ਦੇ ਟੋਟੇ ਕਰਨ ਵਾਲੇ ਅਖੌਤੀ ਤਾਂਤਰਿਕ ਨੂੰ ਸਖ਼ਤ ਸਜ਼ਾ

ਜਲੰਧਰ-ਅਦਾਲਤ ਵੱਲੋਂ ਤਾਂਤਰਿਕ ਬਲਬੀਰ ਸਿੰਘ ਵਾਸੀ ਪਿੰਡ ਅਜੀਤ ਗਿੱਲ ਜ਼ਿਲ੍ਹਾ ਫਰੀਦਕੋਟ ਨੂੰ ਇੱਕ 6-7 ਸਾਲਾ ਮਾਸੂਮ ਲੋਕੇਸ਼ ਨੂੰ ਅਗਵਾ ਕਰਕੇ ਉਸ ਦੀਆਂ ਅੱਖਾਂ ਕੱਢਣ, ਲਿੰਗ ਆਦਿ ਵੱਢਣ ਉਪਰੰਤ ਹੱਤਿਆ ਕਰਕੇ ਲਾਸ਼ ਖੁਰਦ-ਬੁਰਦ ਕਰਨ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ, 30 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਾ ਹੁਕਮ ਦਿੱਤਾ।

# ਫ਼ਰਾਂਸ ਦੀ ਪਾਰਲੀਮੈਂਟ ਨੇ ਬੁਰਕੇ 'ਤੇ ਲਗਾਈ ਪਾਬੰਦੀ



ਪੈਰਿਸ-ਫ਼ਰਾਂਸ ਦੀ ਸੰਸਦ ਦੇ ਹੇਠਲੇ ਸਦਨ ਨੇ ਬੁਰਕੇ 'ਤੇ ਪਾਬੰਦੀ ਨੂੰ ਮੰਜ਼ੂਰੀ ਦੇ ਦਿੱਤੀ ਹੈ। ਫ਼ਰਾਂਸ ਦੇ ਜ਼ਿਆਦਾਤਰ ਨਾਗਰਿਕ ਇਸ ਦੇ ਹੱਕ ਵਿੱਚ ਹਨ, ਜਦ ਕਿ ਮੁਸਲਿਮ ਭਾਈਚਾਰਾ ਅਤੇ ਮਨੁੱਖੀ ਅਧਿਕਾਰਾਂ ਦੇ ਸਮਰਥਕਾਂ ਨੇ ਇਸ ਦਾ ਵਿਰੋਧ ਕੀਤਾ ਹੈ। ਨੈਸ਼ਨਲ ਅਸੈਂਬਲੀ ਵਿੱਚ ਪਾਬੰਦੀ ਲਗਾਏ ਜਾਣ ਵਾਲੇ ਬਿੱਲ ਦੇ ਪੱਖ ਵਿੱਚ 336, ਜਦ ਕਿ ਵਿਰੋਧ ਵਿੱਚ ਸਿਰਫ਼ ਇੱਕ ਵੋਟ ਪਈ। ਦੇਸ ਦੀ ਮੁੱਖ ਵਿਰੋਧੀ ਪਾਰਟੀ ਸੋਸ਼ਲਿਸਟ ਪਾਰਟੀ ਨੇ ਇਸ ਵੋਟਿੰਗ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ। ਬੀਤੇ ਮੰਗਲਵਾਰ ਨੂੰ ਇਸ ਸੰਬੰਧੀ ਪਈਆਂ ਵੋਟਾਂ ਤੋਂ ਬਾਅਦ ਬੁਰਕੇ 'ਤੇ ਪਾਬੰਦੀ ਲਗਾਉਣ ਦਾ ਇਹ ਬਿੱਲ ਸਿਤੰਬਰ ਵਿੱਚ ਸੈਨੇਟ ਵਿੱਚ ਰੱਖਿਆ ਜਾਵੇਗਾ। ਉੱਥੇ ਇਸ ਦੇ ਪਾਸ ਹੋਣ ਦੀ ਪੂਰੀ ਸੰਭਾਵਨਾ ਹੈ। ਇਸ ਵਿੱਚ ਅਸਲੀ ਰੁਕਾਵਟ ਫ਼ਰਾਂਸ ਦੀਆਂ ਅਦਾਲਤਾਂ ਪੇਸ਼ ਕਰ ਸਕਦੀਆਂ ਹਨ ਜਿੱਥੇ ਇਸ ਦੀ ਸਮੀਖਿਆ ਕੀਤੀ ਜਾਵੇਗੀ। ਮੁਸਲਮਾਨਾਂ ਦੀ ਪ੍ਰਤੀਨਿੱਧਤਾ ਕਰਨ ਵਾਲੀ ਇੱਕ ਸੰਸਥਾ ਦਾ ਕਹਿਣਾ ਹੈ ਕਿ ਇਸਲਾਮ ਵਿੱਚ ਚਿਹਰਾ ਲੁਕਾਉਣ ਵਾਲੇ ਹਿਜ਼ਾਬ ਦੀ ਜ਼ਰੂਰਤ ਨਹੀਂ ਹੈ, ਪਰ ਇਸ ਵਿੱਚ ਚਿੰਤਾ ਵਾਲੀ ਗੱਲ ਇਹ ਹੈ ਕਿ ਇਸ ਨਾਲ ਸਾਰੇ ਮੁਸਲਮਾਨ ਨਿਸ਼ਾਨੇ 'ਤੇ ਆ ਜਾਣਗੇ।

# ਬਾਦਲ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੀ ਆਲੋਚਨਾ ਕਰਨਾ ਵਾਲਾ 'ਚੜ੍ਹਦੀ ਕਲਾ ਟਾਈਮ ਟੀਵੀ' ਚੈਨਲ ਬਲੈਕ ਆਊਟ

ਜਲੰਧਰ-ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੀਆਂ ਆਮ ਚੋਣਾਂ ਸਿਰ 'ਤੇ ਖੜ੍ਹੀਆਂ ਹਨ। ਇਸੇ ਦੌਰਾਨ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕਰਨ ਵਾਲਾ ਚੜ੍ਹਦੀ ਕਲਾ ਟਾਈਮ ਟੀ ਵੀ ਚੈਨਲ' ਪੰਜਾਬ ਦੇ ਕੇਬਲ ਨੈੱਟਵਰਕ ਤੋਂ ਬਲੈਕ ਆਊਟ ਕਰ ਦਿੱਤਾ ਗਿਆ ਹੈ। ਬੰਗਲਾ ਸਾਹਿਬ ਤੋਂ ਚੱਲਦੇ ਸਿੱਧੇ ਪ੍ਰਸਾਰਨ ਦੌਰਾਨ ਕੀਰਤਨ ਤੋਂ ਬਾਅਦ ਜਿਹੜੀ ਕਥਾ ਕੀਤੀ ਜਾਂਦੀ ਸੀ, ਉਸ 'ਚ ਪੰਥ ਦੇ ਚਲੰਤ ਮਾਮਲਿਆਂ ਦਾ ਵੀ ਗਾਹੇ ਬਗਾਹੇ ਜ਼ਿਕਰ ਛੇੜਿਆ ਜਾਂਦਾ ਸੀ। ਇਸ ਕਥਾ ਦੌਰਾਨ ਬਹੁਤੀ ਵਾਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਕੰਮ ਕਾਜ ਦੀ ਵੀ ਤੇ ਕਈ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਮਸਲਿਆਂ ਬਾਰੇ ਅਵੇਸਲੇਪਣ ਦੀ ਆਲੋਚਨਾ ਵੀ ਕੀਤੀ ਜਾ ਰਹੀ ਸੀ।

ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ ਚੜ੍ਹਦੀ ਕਲਾ ਟਾਈਮ ਟੀਵੀ ਚੈਨਲ' ਤੀਜਾ ਚੈਨਲ ਬਣ ਗਿਆ ਹੈ, ਜਿਸ ਨੂੰ ਪੰਜਾਬ ਦੇ ਕੇਬਲ ਨੈੱਟਵਰਕ 'ਚੋਂ ਆਊਟ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਪੰਜਾਬ ਟੂਡੇ' ਤੇ ਜੀ ਪੰਜਾਬੀ ਟੀਵੀ ਚੈਨਲ ਪੰਜਾਬ ਦੀ ਕੇਬਲ ਨੈੱਟਵਰਕ 'ਚੋਂ ਆਊਟ ਕੀਤੇ ਜਾ ਚੁੱਕੇ ਹਨ। ਜੀ ਪੰਜਾਬੀ' ਚੈਨਲ ਨੇ ਪੰਜਾਬ ਸਰਕਾਰ ਦੇ ਇਸ਼ਾਰਿਆਂ 'ਤੇ ਚੱਲਣ ਤੋਂ ਨਾਂਹ ਕਰ ਦਿੱਤੀ ਸੀ ਤੇ ਉਸ ਨੂੰ ਵੀ ਪੰਜਾਬ ਕੇਬਲ ਨੈੱਟਵਰਕ ਤੋਂ ਬਲੈਕ ਆਊਟ ਕਰ ਦਿੱਤਾ ਗਿਆ ਸੀ। ਜਾਣਕਾਰੀ ਅਨੁਸਾਰ ਚੜ੍ਹਦੀ ਕਲਾ ਟਾਈਮ ਟੀਵੀ ਚੈਨਲ' ਨੂੰ ਵੀ ਸੂਬਾ ਸਰਕਾਰ ਦੇ ਦਬਾਅ ਹੇਠ ਸਬਕ' ਸਿਖਾਉਣ ਦੇ ਇਰਾਦੇ ਨਾਲ ਬਲੈਕ ਆਊਟ ਕੀਤਾ ਦੱਸਿਆ ਜਾਂਦਾ ਹੈ।

ਪੰਜਾਬ 'ਚ ਕੇਬਲ ਨੈੱਟਵਰਕ ਫਾਸਟ ਵੇਅ' ਦੀ ਕੰਪਨੀ ਵੱਲੋਂ ਚਲਾਇਆ ਜਾ ਰਿਹਾ ਹੈ। ਫਾਸਟ ਵੇਅ ਦੇ ਮੁੱਖ ਪ੍ਰਬੰਧਕਾਂ 'ਚ ਸ਼ਾਮਲ ਗੁਰਦੀਪ ਸਿੰਘ ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਬੜਾ ਕਰੀਬੀ ਮੰਨਿਆ ਜਾਂਦਾ ਹੈ। ਫਾਸਟ ਵੇਅ ਦੇ ਪ੍ਰਬੰਧਕਾਂ ਦਾ ਕਹਿਣਾ ਸੀ ਕਿ ਚੜ੍ਹਦੀ ਕਲਾ ਟਾਈਮ ਟੀਵੀ' ਨੇ ਕੇਬਲ ਨੈੱਟਵਰਕ ਦੇ ਬਣਦੇ 42 ਲੱਖ ਰੁਪਏ ਦਾ ਭੁਗਤਾਨ ਨਹੀਂ ਕੀਤਾ, ਇਸ ਕਰਕੇ ਇਸ ਚੈਨਲ ਨੂੰ ਬੰਦ ਕੀਤਾ ਗਿਆ ਹੈ।

ਉੱਧਰ ਟੀਵੀ ਚੈਨਲ ਦੇ ਮਾਲਕ ਜਗਜੀਤ ਸਿੰਘ ਦਰਦੀ ਦਾ ਕਹਿਣਾ ਸੀ ਕਿ ਇਸ ਨੈੱਟਵਰਕ ਨਾਲ ਹੋਏ ਸਮਝੌਤੇ ਮੁਤਾਬਕ ਚੈਨਲ ਨੇ ਹਰ ਮਹੀਨੇ 7 ਲੱਖ ਰੁਪਏ ਦਾ ਭੁਗਤਾਨ ਕਰਨਾ ਸੀ। ਕੇਬਲ ਨੈੱਟਵਰਕ ਦੇ 84 ਲੱਖ ਰੁਪਏ ਬਣਦੇ ਸਨ। ਇਸ ਦੇ ਬਦਲੇ 94 ਲੱਖ ਦਾ ਭੁਗਤਾਨ ਕੀਤਾ ਗਿਆ ਹੈ, ਜਿਸ ਦੀਆਂ ਬਕਾਇਦਾ ਉਨ੍ਹਾਂ ਕੋਲ ਰਸੀਦਾਂ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਤਰਸੇਮ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਸਿੱਖਾਂ ਤੱਕ ਗੁਰਬਾਣੀ ਦਾ ਪ੍ਰਚਾਰ ਪਹੁੰਚਣ ਨਹੀਂ ਦੇਣਾ ਚਾਹੁੰਦੀ। ਉਨ੍ਹਾਂ ਪੰਜਾਬ ਦੇ ਪੰਚਾਂ, ਸਰਪੰਚਾਂ ਤੇ ਸ਼ਹਿਰੀ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਬੰਗਲਾ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਨ ਸੁਣਨ ਲਈ ਡਿਸ਼ ਐਨਟੀਨੇ ਲਗਵਾ ਲੈਣ। ਉਨ੍ਹਾਂ ਇਹ ਗੱਲ ਵੀ ਆਖੀ ਕਿ ਦਿੱਲੀ ਕਮੇਟੀ ਪੰਜਾਬ 'ਚ ਡਿਸ਼ ਐਨਟੀਨੇ ਲਗਵਾ ਕੇ ਵੀ ਦੇਣ ਬਾਰੇ ਵਿਚਾਰ ਕਰ ਰਹੀ ਹੈ।


ਇੰਡੀਆ ਵਿਖੇ ਪ੍ਰਾਪਰਟੀ ਵੇਚਣ-ਖਰੀਦਣ ਦਾ ਸੁਨਿਹਰੀ ਮੌਕਾ

NORWOOD ESTATES




ਪੰਜਾਬ ਵਿੱਚ ਪ੍ਰਾਪਰਟੀ ਖਰੀਦਣ ਅਤੇ ਵੇਚਣ ਦਾ ਸੁਨਿਹਰੀ ਮੌਕਾ। ਜਗਰਾਓ ਅਤੇ ਚੰਡੀਗੜ੍ਹ ਵਿੱਚ ਕੋਠੀਆਂ ਅਤੇ ਪਲਾਟ ਸਾਡੇ ਪਾਸ ਵਧੀਆ ਭਾਅ ਤੇ ਮੌਜੂਦ ਹਨ।
ਪੰਜਾਬ ਦੇ ਹੋਰ ਵੀ ਸ਼ਹਿਰਾਂ ਵਿੱਚ ਕਮਰਸ਼ੀਅਲ ਅਤੇ ਰਿਹਾਇਸ਼ੀ ਥਾਵਾਂ ਵੇਚਣ-ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ ।
*ਜਗ੍ਹਾ ਖਰੀਦਣ-ਵੇਚਣ ਲਈ ਪੈਸਿਆਂ ਦਾ ਭੁਗਤਾਣ ਯੂ. ਕੇ. ਜਾਂ ਇੰਡੀਆ ਵਿੱਚ ਵੀ ਹੋ ਸਕਦਾ ਹੈ ।*
**ਵਧੇਰੇ ਜਾਣਕਾਰੀ ਲਈ ਸਾਡੇ ਨਾਲ ਪੰਜਾਬ ਜਾਂ ਯੂ. ਕੇ. ਵਿਖੇ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ :**

**NORWOOD ESTATES**
54 Norwood Rd., Southall, Middx, UB2 4DW.
Tel: 020 8893 5858, Fax: 020 574 6157

India Office : 17c New Grain Market,
Jagraon, Punjab, (India)
Tel: 0091-94651 94011